# ਜਿਨਸੀ ਅਤੇ ਲੋਕਾਂ ਦਰਮਿਆਨ ਹਿੰਸਾ ਦੇ ਪੀੜਤਾਂ ਲਈ ਇਮੀਗ੍ਰੇਸ਼ਨ ਅਤੇ ਵੀਜ਼ਾ ਜਾਣਕਾਰੀ

ਜਿਹੜੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਸਕੌਲਰਾਂ ਕੋਲ ਆਪਣੇ ਇਮੀਗ੍ਰੇਸ਼ਨ ਅਤੇ ਵੀਜ਼ੇ ਦੇ ਰੁਤਬੇ ਬਾਰੇ ਪ੍ਰਸ਼ਨ ਹਨ ਉਹਨਾਂ ਨੂੰ ਇਮੀਗ੍ਰੇਸ਼ਨ ਅਟਾਰਨੀ ਤੋਂ ਸਹਾਇਤਾ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ। ਇਹ ਦਸਤਾਵੇਜ਼ ਕਾਨੂੰਨ ਦੇ ਕੁਝ ਪਹਿਲੂਆਂ ਬਾਰੇ ਦੱਸਣ ਲਈ ਇੱਕ ਸ੍ਰੋਤ ਹੈ, ਪਰ ਇਹ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ।

**ਮੈਂ ਹਮਲੇ ਦਾ/ਦੀ ਪੀੜਤ ਰਿਹਾ/ਰਹੀ ਹਾਂ, ਕੀ ਮੇਰਾ ਇਮੀਗ੍ਰੇਸ਼ਨ ਰੁਤਬਾ ਕੈਂਪਸ ਵਿਚਲੇ ਸ੍ਰੋਤਾਂ ਤੱਕ ਪਹੁੰਚ ਕਰਨ ਦੀ ਮੇਰੀ ਯੋਗਤਾ 'ਤੇ ਅਸਰ ਪਾਉਂਦਾ ਹੈ?**

ਨਹੀਂ। ਕਾਨੂੰਨ ਤਹਿਤ, ਜਿਹੜੇ ਵਿਦਿਆਰਥੀ ਅਤੇ ਸਟਾਫ ਜਿਨਸੀ ਅਤੇ ਲੋਕਾਂ ਦਰਮਿਆਨ ਹਿੰਸਾ ਦੇ ਪੀੜਤ ਹੁੰਦੇ ਹਨ ਜਾਂ ਇਹਨਾਂ ਤੋਂ ਬਚ ਕੇ ਨਿਕਲੇ ਹੁੰਦੇ ਹਨ ਉਹਨਾਂ ਦੇ ਇਮੀਗ੍ਰੇਸ਼ਨ ਅਤੇ ਵੀਜ਼ਾ ਰੁਤਬੇ ਵੱਲ ਧਿਆਨ ਦਿੱਤੇ ਬਿਨਾਂ ਉਹਨਾਂ ਨੂੰ 1972 ਐਜੂਕੇਸ਼ਨ ਅਮੈਂਡਮੈਂਟਸ (ਟਾਇਟਲ IX) ਦੇ ਟਾਇਟਲ IX ਅਤੇ ਵਾਇਲੈਂਸ ਅਗੇਂਸਟ ਵਿਮੇਨ ਐਕਟ (VAWA) ਤਹਿਤ ਇੱਕੋ ਜਿਹੇ ਅਧਿਕਾਰ ਮਿਲਦੇ ਹਨ।

ਕੈਂਪਸ ਅੰਦਰ ਡਾਕਟਰੀ ਅਤੇ ਕਾਉਂਸਲਿੰਗ ਸ੍ਰੋਤਾਂ, ਅਤੇ ਨਾਲ ਹੀ ਉਪਲਬਧ ਰਿਹਾਇਸ਼ਾਂ ਬਾਰੇ ਜਾਣਕਾਰੀ ਇੱਥੇ ਮਿਲ ਸਕਦੀ ਹੈ: https://1is2many.okstate.edu/

ਵਿਦਿਆਰਥੀ ਆਚਰਣ ਪ੍ਰਕਿਰਿਆ ਬਾਰੇ ਜਾਣਕਾਰੀ ਇੱਥੇ ਮਿਲ ਸਕਦੀ ਹੈ: https://studentconduct.okstate.edu/code

ਕਾਲਜ ਜੁਰਮ ਦੀ ਰਿਪੋਰਟ ਕਰਨ ਦੇ ਆਧਾਰ 'ਤੇ ਤੁਹਾਡੇ ਵਿਰੁੱਧ ਜਵਾਬੀ ਕਾਰਵਾਈ ਨਹੀਂ ਕਰੇਗਾ ਜਾਂ ਤੁਹਾਡੇ ਨਾਲ ਵੱਖਰੇ ਢੰਗ ਨਾਲ ਵਿਹਾਰ ਨਹੀਂ ਕਰੇਗਾ।

**ਕੀ ਮੈਂ ਦਸਤਾਵੇਜ਼ਤ ਜਾਂ ਅਣ-ਦਸਤਾਵੇਜ਼ਤ ਇਮੀਗ੍ਰੈਂਟ ਹੋਣ ਦੇ ਨਾਤੇ ਫ਼ੌਜਦਾਰੀ ਦੋਸ਼ਾਂ ਲਈ ਜੋਰ ਪਾ ਸਕਦਾ/ਸਕਦੀ ਹਾਂ?**

ਹਾਂ। ਤੁਹਾਡੇ ਰਾਜ ਦੀਆਂ ਜਿਨਸੀ ਹਮਲੇ, ਘਰੇਲੂ ਹਿੰਸਾ, ਡੇਟਿੰਗ ਸਬੰਧੀ ਹਿੰਸਾ ਅਤੇ ਪਿੱਛਾ ਕਰਨ ਬਾਰੇ ਜਾਣਕਾਰੀ ਸਲਾਨਾ ਸੁਰੱਖਿਆ ਰਿਪੋਰਟ ਵਿੱਚ ਦੇਖੀ ਜਾ ਸਕਦੀ ਹੈ: https://police.okstate.edu/annual-security-reports

ਦੋਸ਼ ਆਇਦ ਕਰਨ ਬਾਰੇ ਖਾਸ ਪ੍ਰਸ਼ਨ ਇਹਨਾਂ ਕੋਲ ਭੇਜੇ ਜਾ ਸਕਦੇ ਹਨ:

Oklahoma State University Police Department, OSUPD
104 USDA Building, Stillwater, Oklahoma 74078
405-564-6523
https://police.okstate.edu/
1is2many@okstate.edu

**ਕੀ ਜੁਰਮ ਦੇ ਪੀੜਤਾਂ ਲਈ ਵੀਜ਼ੇ ਅਤੇ ਇਮੀਗ੍ਰੇਸ਼ਨ ਸਬੰਧੀ ਖਾਸ ਰੁਤਬੇ ਹਨ?**

ਹਾਂ। ਜਿਨਸੀ ਹਮਲੇ, ਘਰੇਲੂ ਹਿੰਸਾ, ਡੇਟਿੰਗ ਸਬੰਧੀ ਹਿੰਸਾ ਅਤੇ ਪਿੱਛਾ ਕੀਤੇ ਜਾਣ ਦੇ ਪੀੜਤਾਂ ਲਈ U ਅਤੇ T ਵੀਜ਼ਾ ਸਮੇਤ, ਦੂਜੇ ਵੀਜ਼ਾ ਵਿਕਲਪ ਹੋ ਸਕਦੇ ਹਨ। ਵਿਸ਼ੇਸ਼ ਜਾਣਕਾਰੀ ਲਈ, ਇਮੀਗ੍ਰੇਸ਼ਨ ਅਥਾਰਿਟੀ ਨਾਲ ਗੱਲ ਕਰੋ।

| U ਵੀਜ਼ਾ | T ਵੀਜ਼ਾ |
|---|---|
| ਜਿਨਸੀ ਦੁਰਵਿਹਾਰ, ਘਰੇਲੂ ਹਿੰਸਾ, ਬਲਾਤਕਾਰ, ਹਮਲਾ, ਜਾਂ ਹੋਰ ਸਬੰਧਤ ਜੁਰਮ ਸਮੇਤ, ਕਿਸੇ ਖਾਸ ਮੁਜਰਮਾਨਾ ਗਤੀਵਿਧੀ ਦੇ ਨਤੀਜੇ ਵੱਜੋਂ ਕਾਫੀ ਜ਼ਿਆਦਾ ਸਰੀਰਕ ਜਾਂ ਮਾਨਸਿਕ ਦੁਰਵਿਹਾਰ ਦੇ ਪੀੜਤਾਂ ਲਈ<br>-ਇਹ ਜ਼ਰੂਰੀ ਹੈ ਕਿ ਪੀੜਤ/ਬਿਨੈਕਾਰ ਯੋਗਤਾ ਪੂਰੀ ਕਰਨ ਵਾਲੀ ਮੁਜਰਮਾਨਾ ਗਤੀਵਿਧੀ ਦਾ ਪੀੜਤ ਹੋਵੇ ਅਤੇ ਉਹ ਮੁਜਰਮਾਨਾ ਗਤੀਵਿਧੀ ਦੀ ਜਾਂਚ ਅਤੇ/ਜਾਂ ਮੁਕੱਦਮੇ ਲਈ ਸੰਭਾਵੀ ਰੂਪ ਵਿੱਚ ਮਦਦਗਾਰ ਹੋਵੇ<br>-ਆਮ ਤੌਰ 'ਤੇ ਚਾਰ ਸਾਲਾਂ ਲਈ ਪ੍ਰਮਾਣਕ<br>-ਜ਼ਿਆਦਾ ਜਾਣਕਾਰੀ ਲਈ, ਕਿਸੇ ਇਮੀਗ੍ਰੇਸ਼ਨ ਅਟਾਰਨੀ ਦੀ ਸਲਾਹ ਲਵੋ ਅਤੇ ਦੇਖੋ:<br><br>http://www.uscis.gov/humanitarian/victims-human-trafficking-other-crimes/victims-criminal-activity-u-nonimmigrant-status/victims-criminal-activity-u-nonimmigrant-status | ਮਨੁੱਖੀ ਤਸਕਰੀ ਦੇ ਪੀੜਤਾਂ ਲਈ<br>-ਜਾਂਚ ਜਾਂ ਤਸਕਰੀ ਦੀ(ਆਂ) ਕਾਰਵਾਈ(ਆਂ) ਦੇ ਮੁਕੱਦਮੇ ਵਿੱਚ ਸਹਿਯੋਗ ਕਰਨ ਲਈ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਤੋਂ ਮਿਲੀਆਂ ਵਾਜਬ ਬੇਨਤੀਆਂ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ (ਜਦੋਂ ਤੱਕ ਕਿ ਸਰੀਰਕ ਜਾਂ ਮਾਨਸਿਕ ਸਦਮੇ ਕਰਕੇ ਸਹਿਯੋਗ ਦੇਣ ਦੇ ਅਸਮਰਥ ਨਾ ਹੋਵੋ), ਅਤੇ ਲਾਜ਼ਮੀ ਤੌਰ 'ਤੇ ਇਹ ਦਿਖਾ ਸਕਣਾ ਚਾਹੀਦਾ ਹੈ ਕਿ ਪੀੜਤ/ਬਿਨੈਕਾਰ ਨੂੰ ਜੇ ਅਮਰੀਕਾ ਤੋਂ ਬਾਹਰ ਕੱਢਿਆ ਜਾਂਦਾ ਹੈ ਤਾਂ ਉਸ ਨੂੰ ਬੇਹੱਦ ਕਠਨਾਈ ਬਰਦਾਸ਼ਤ ਕਰਨੀ ਪਵੇਗੀ<br>-ਆਮ ਤੌਰ 'ਤੇ ਚਾਰ ਸਾਲਾਂ ਲਈ ਪ੍ਰਮਾਣਕ<br>-ਜ਼ਿਆਦਾ ਜਾਣਕਾਰੀ ਲਈ, ਕਿਸੇ ਇਮੀਗ੍ਰੇਸ਼ਨ ਅਟਾਰਨੀ ਦੀ ਸਲਾਹ ਲਵੋ ਅਤੇ ਦੇਖੋ:<br><br>http://www.uscis.gov/humanitarian/victims-human-trafficking-other-crimes/victims-human-trafficking-t-nonimmigrant-status |

**ਕੀ ਕੈਂਪਸ ਵਿੱਚ ਕੋਈ ਆਫਿਸ ਹੈ ਜੋ ਮੈਨੂੰ ਵਾਧੂ ਜਾਣਕਾਰੀ ਦੇ ਸਕਦਾ ਹੈ?**

, International Students & Scholars
250 Student Union, Stillwater, OK 74078
405-744-5459
https://lcl.okstate.edu/iss/
su-iss@okstate.edu

ਇੰਟਰਨੈਸ਼ਨਲ ਸਟੂਡੰਟ ਐਂਡ ਸਕੌਲਰ ਸਰਵਿਸਿਜ਼ ਆਫਿਸ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਉਪਯੋਗੀ ਜਾਣਕਾਰੀ ਦੇ ਸਕਦਾ ਹੈ। ਨੋਟ ਕਰੋ ਕਿ ਦੂਜਾ ਵੀਜ਼ਾ ਦਰਜਿਆਂ ਵਿੱਚ ਬਦਲੀ ਨਾਲ ਸਬੰਧਤ ਪ੍ਰਸ਼ਨਾਂ, ਜਾਂ ਮਿਆਰੀ F-1 ਅਤੇ J-1 ਵਿਦਿਆਰਥੀ ਵਿਜ਼ਿਆਂ ਤੋਂ ਬਾਹਰ ਦੇ ਕਾਨੂੰਨੀ ਵਿਕਲਪਾਂ, ਜਾਂ ਰੁਜ਼ਗਾਰਦਾਤਾ ਦੁਆਰਾ ਪ੍ਰਾਯੋਜਿਤ ਕੰਮ ਦੇ ਵਿਜ਼ਿਆਂ ਲਈ ਕਿਸੇ ਯੋਗਤਾਪ੍ਰਾਪਤ ਇਮੀਗ੍ਰੇਸ਼ਨ ਅਟਾਰਨੀ ਦੀ ਸਲਾਹ ਲਵੋ।

| ਵੀਜ਼ਾ ਵਿਕਲਪ | |
|---|---|
| F-1 ਅਤੇ J-1 ਰੁਤਬੇ ਵਾਲੇ ਵਿਦਿਆਰਥੀ<br>• ਕਿਸੇ ਲਾਇਸੈਂਸਸ਼ੁਦਾ ਮੈਡੀਕਲ ਡਾਕਟਰ, ਓਸਟੀਓਪੈਥੀ ਦੇ ਡਾਕਟਰ, ਜਾਂ ਲਾਇਸੈਂਸਸ਼ੁਦਾ ਕਲਿਨਿਕਲ ਮਨੋਵਿਗਿਆਨੀ ਦੁਆਰਾ ਤਸਦੀਕ ਡਾਕਟਰੀ ਸਮੱਸਿਆਵਾਂ ਕਰਕੇ ਘਟੇ ਹੋਏ ਕੋਰਸ-ਲੋਡ ਦੀ ਪ੍ਰਵਾਨਗੀ<br>• ਆਪਣੇ ਅਕਾਦਮਿਕ ਪ੍ਰੋਗਰਾਮ ਤੋਂ ਬਾਹਰ ਹੋਣ ਲਈ ਵਿਕਲਪ, ਅਤੇ ਇਸ ਲਈ ਸਿੱਟੇ<br>• ਜੇ ਵਿਦਿਆਰਥੀ ਬਾਹਰ ਹੋਣ ਦੀ ਚੋਣ ਕਰਦਾ ਹੈ ਤਾਂ ਬਾਅਦ ਵਾਲੀ ਤਾਰੀਖ ਨੂੰ ਅਕਾਦਮਿਕ ਪ੍ਰੋਗਰਾਮ ਵਿੱਚ ਵਾਪਸ ਆਉਣ ਬਾਰੇ ਜਾਣਕਾਰੀ<br>• ਨਾਲ ਰਹਿਣ ਵਾਲੇ ਪਤੀ/ਪਤਨੀ ਲਈ ਵਿਕਲਪ ਅਤੇ ਸਿੱਟੇ<br>• ਵੀਜ਼ੇ ਦਾ ਰੁਤਬਾ ਬਦਲਣ ਲਈ ਵਿਕਲਪਾਂ ਬਾਰੇ ਆਮ ਜਾਣਕਾਰੀ।<br>• U ਅਤੇ T ਵੀਜ਼ਿਆਂ ਬਾਰੇ ਆਮ ਜਾਣਕਾਰੀ। (ਕਿਸੇ ਯੋਗਤਾਪ੍ਰਾਪਤ ਇਮੀਗ੍ਰੇਸ਼ਨ ਅਟਾਰਨੀ ਕੋਲ ਭੇਜਿਆ ਜਾਣਾ)<br>• ਕਿਸੇ ਯੋਗਤਾਪ੍ਰਾਪਤ ਅਟਾਰਨੀ ਕੋਲ ਭੇਜਿਆ ਜਾਣਾ | H-1B, O-1, E-3, ਜਾਂ TN ਕਰਮਚਾਰੀ<br>• ਕੰਮ ਤੋਂ ਗੈਰਹਾਜ਼ਰੀ ਦੀ ਛੁੱਟੀ ਲਈ ਵਿਕਲਪ, ਅਤੇ ਤੁਹਾਡੇ ਇਮੀਗ੍ਰੇਸ਼ਨ ਰੁਤਬੇ ਲਈ ਇਸ ਦੇ ਸਿੱਟੇ<br>• ਨਾਲ ਰਹਿਣ ਵਾਲੇ ਪਤੀ/ਪਤਨੀ ਲਈ ਵਿਕਲਪ ਅਤੇ ਸਿੱਟੇ<br>• ਵੀਜ਼ੇ ਦਾ ਰੁਤਬਾ ਬਦਲਣ ਲਈ ਵਿਕਲਪਾਂ ਬਾਰੇ ਆਮ ਜਾਣਕਾਰੀ। ਕਿਸੇ ਯੋਗਤਾਪ੍ਰਾਪਤ ਇਮੀਗ੍ਰੇਸ਼ਨ ਅਟਾਰਨੀ ਕੋਲ ਭੇਜਿਆ ਜਾਣਾ<br>• U ਅਤੇ T ਵੀਜ਼ਿਆਂ ਬਾਰੇ ਆਮ ਜਾਣਕਾਰੀ। (ਕਿਸੇ ਯੋਗਤਾਪ੍ਰਾਪਤ ਇਮੀਗ੍ਰੇਸ਼ਨ ਅਟਾਰਨੀ ਕੋਲ ਭੇਜਿਆ ਜਾਣਾ)<br>• ਕਿਸੇ ਯੋਗਤਾਪ੍ਰਾਪਤ ਇਮੀਗ੍ਰੇਸ਼ਨ ਅਟਾਰਨੀ ਕੋਲ ਭੇਜਿਆ ਜਾਣਾ<br>• ਲੰਬਤ ਯੂ.ਐਸ. ਸਥਾਈ ਵਸਨੀਕ (ਗ੍ਰੀਨ ਕਾਰਡ ਅਜੇ ਪ੍ਰਵਾਨਤ ਨਹੀਂ ਹੋਇਆ)<br>• ਤੁਹਾਡੀ ਨੌਕਰੀ ਛੱਡਣ ਦਾ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਪ੍ਰਾਯੋਜਤ ਸਥਾਈ ਵਸਨੀਕ ਦੀ ਲੰਬਤ ਅਰਜ਼ੀ 'ਤੇ ਅਸਰ<br>• ਕਿਸੇ ਯੋਗਤਾਪ੍ਰਾਪਤ ਅਟਾਰਨੀ ਕੋਲ ਭੇਜਿਆ ਜਾਣਾ |

**ਇਮੀਗ੍ਰੇਸ਼ਨ ਵਕੀਲ ਕੀ ਹੁੰਦਾ ਹੈ ਅਤੇ ਉਹ ਕੀ ਕਰਦੇ ਹਨ?**

ਇਮੀਗ੍ਰੇਸ਼ਨ ਵਕੀਲ ਲਾਇਸੈਂਸ-ਪ੍ਰਾਪਤ ਅਟਾਰਨੀ ਹਨ ਜਿਨ੍ਹਾਂ ਨੂੰ ਇਮੀਗ੍ਰੇਸ਼ਨ ਕਾਨੂੰਨ ਦੇ ਖੇਤਰ ਵਿੱਚ ਮਹਾਰਤ ਹਾਸਲ ਹੁੰਦੀ ਹੈ। ਉਹ ਇਮੀਗ੍ਰੇਸ਼ਨ ਅਦਾਲਤਾਂ ਵਿੱਚ ਅਤੇ ਇਸ ਤੋਂ ਇਲਾਵਾ ਇਮੀਗ੍ਰੇਸ਼ਨ ਬੈਨਿਫਿਟਾਂ ਲਈ ਅਰਜ਼ੀਆਂ ਦਾਇਰ ਕਰਨ ਵਾਸਤੇ ਮੁਵੱਕਿਲ ਦੇ ਵਕੀਲ ਵੱਜੋਂ ਕੰਮ ਕਰਦੇ ਹਨ, ਅਤੇ ਉਹ ਇਮੀਗ੍ਰੇਸ਼ਨ ਏਜੰਸੀਆਂ ਸਾਹਮਣੇ ਉਹਨਾਂ ਦੀ ਪ੍ਰਤਿਨਿਧਤਾ ਕਰ ਸਕਦੇ ਹਨ। ਵਕੀਲ ਆਮ ਸਲਾਹ ਦੇ ਸਕਦਾ ਹੈ ਅਤੇ ਇਮੀਗ੍ਰੇਸ਼ਨ ਵਿਕਲਪਾਂ ਬਾਰੇ ਵਿਚਾਰ-ਵਟਾਂਦਰਾ ਕਰ ਸਕਦਾ ਹੈ। ਹੋਰਨਾਂ ਵਕੀਲਾਂ ਦੀ ਤਰ੍ਹਾਂ ਇਮੀਗ੍ਰੇਸ਼ਨ ਵਕੀਲ ਪੇਸ਼ੇਵਰ, ਨੈਤਿਕ ਅਤੇ ਕਾਨੂੰਨੀ ਜ਼ਰੂਰਤਾਂ ਦੇ ਪਾਬੰਦ ਹੁੰਦੇ ਹਨ, ਅਤੇ ਉਹ ਮੁਵੱਕਿਲਾਂ ਨਾਲ ਵਿਚਾਰ-ਵਟਾਂਦਰਿਆਂ ਨੂੰ ਗੁਪਤ ਰੱਖਦੇ ਹਨ।

**ਮੈਂ ਕੋਈ ਸਥਾਨਕ ਇਮੀਗ੍ਰੇਸ਼ਨ ਅਟਾਰਨੀ ਕਿੱਥੇ ਲੱਭ ਸਕਦਾ/ਸਕਦੀ ਹਾਂ?**

| |
|---|
| ਡਿਪਾਰਟਮੈਂਟ ਆਫ ਹੋਮਲੈਂਡ ਸਿਕਉਰਿਟੀ (DHS) ਦਾ ਇੱਕ ਬਿਊਰੋ ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (USCIS), ਮੁਫਤ ਜਾਂ ਘੱਟ ਖਰਚ ਵਾਲੀ ਨੁਮਾਇੰਦਗੀ ਲੱਭਣ ਵਿੱਚ ਲੋਕਾਂ ਦੀ ਮਦਦ ਕਰਨ ਲਈ ਦੋ ਸਾਈਟਾਂ ਪੇਸ਼ ਕਰਦਾ ਹੈ:<br><br>USCIS: ਆਪਣੇ ਕਮਿਊਨਿਟੀ ਵੈਬਪੇਜ 'ਤੇ ਮਦਦ ਲੱਭੋ     USCIS: ਲੀਗਲ ਸਰਵਿਸਿਜ਼ ਵੈਬਪੇਜ ਲੱਭੋ |
| ਬੋਰਡ ਆਫ ਇਮੀਗ੍ਰੇਸ਼ਨ ਅਪੀਲਜ਼ (BIA) ਰਾਜ ਅਨੁਸਾਰ ਉਹਨਾਂ ਅਟਾਰਨੀਆਂ ਦੀ ਸੂਚੀ ਮੁਹੱਈਆ ਕਰਦਾ ਹੈ ਜੋ ਇਮੀਗ੍ਰੇਸ਼ਨ ਸੇਵਾਵਾਂ ਮੁਫਤ ਜਾਂ ਮਾਮੂਲੀ ਖਰਚ 'ਤੇ ਮੁਹੱਈਆ ਕਰਦੇ ਹਨ। |
| ਅਮੇਰੀਕਨ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ (AILA) ਔਨਲਾਈਨ ਇਮੀਗ੍ਰੇਸ਼ਨ ਲਾਇਰ ਰੈਫਰਲ ਸੇਵਾ ਪੇਸ਼ ਕਰਦੀ ਹੈ ਜੋ ਕਿਸੇ ਵਿਦਿਆਰਥੀ ਜਾਂ ਸਕੌਲਰ ਦੀ ਇਮੀਗ੍ਰੇਸ਼ਨ ਵਕੀਲ ਲੱਭਣ ਵਿੱਚ ਮਦਦ ਕਰ ਸਕਦੀ ਹੈ। |
| ਅਮੇਰੀਕਨ ਬਾਰ ਐਸੋਸੀਏਸ਼ਨ ਵੀ ਰਾਜ ਅਨੁਸਾਰ ਕਾਨੂੰਨੀ ਸੇਵਾਵਾਂ ਲੱਭਣ ਲਈ ਜਾਣਕਾਰੀ ਮੁਹੱਈਆ ਕਰਦੀ ਹੈ। |